# ਸ਼ੀਤਲ ਦਾਸ

ਇੱਕ ਵਾਰ ਇੱਕ ਪਿੰਡ ਵਿੱਚ ਇੱਕ ਸਾਧ ਆ ਗਿਆ।
ਸਾਧ ਨੇ ਸ਼ਾਮ ਨੂੰ ਪਿੰਡ ਦੇ ਬਾਹਰ ਧੂਣੀ ਲਗਾ ਲਈ।
ਸ਼ਾਮ ਨੂੰ ਸਾਰਾ ਪਿੰਡ ਸਾਧ ਨੂੰ ਸੁਣਨ ਲਈ ਇਕੱਠਾ ਹੋ ਗਿਆ ।

ਉਥੇ ਇਕ ਸ਼ਾਰਾਰਤੀ ਜਿਹਾ ਲੱੜਕਾ ਪਹੁੰਚ ਗਿਆ ।
ਧੂਣੀ ਦੇ ਆਲੇ ਦੁਆਲੇ ਸਾਰੇ ਲੋਕ ਬੈਠ ਗਏ ਅਤੇ ਸਾਧ ਨੂੰ ਸੁਣਨ ਲੱਗੇ।
ਸ਼ਰਾਰਤੀ ਲੱੜਕਾ ਉਠਿਆ ਤੇ ਸਾਧ ਨੂੰ ਕਹਿੰਦਾ, "ਬਾਬਾ ਜੀ ਤੁਹਾਡਾ ਨਉ ਕੀ ਆ"।

ਸਾਧ ਕਹਿੰਦਾ, "ਸ਼ੀਤਲ ਦਾਸ"।
ਲੱੜਕਾ ਸੁਣ ਕੇ ਫਿਰ ਲੋਕਾ ਵਿਚ ਬੈਠ ਗਿਆ ।

ਸ਼ਰਾਰਤੀ ਲੱੜਕਾ ਫਿਰ ਉਠਿਆ ਤੇ ਸਾਧ ਨੂੰ ਕਹਿੰਦਾ, "ਬਾਬਾ ਜੀ ਤੁਹਾਡਾ ਨਉ ਕੀ ਆ"।

ਸਾਧ ਫਿਰ ਕਹਿੰਦਾ, "ਸ਼ੀਤਲ ਦਾਸ"।
ਲੱੜਕਾ ਸੁਣ ਕੇ ਫਿਰ ਲੋਕਾ ਵਿਚ ਬੈਠ ਗਿਆ ।

ਸ਼ਰਾਰਤੀ ਲੱੜਕਾ ਫਿਰ ਉਠਿਆ ਤੇ ਸਾਧ ਨੂੰ ਕਹਿੰਦਾ, "ਬਾਬਾ ਜੀ ਤੁਹਾਡਾ ਨਉ ਕੀ ਆ"।

ਸਾਧ ਫਿਰ ਕਹਿੰਦਾ, "ਸ਼ੀਤਲ ਦਾਸ"।
ਲੱੜਕਾ ਸੁਣ ਕੇ ਫਿਰ ਲੋਕਾ ਵਿਚ ਬੈਠ ਗਿਆ ।

ਜਦੋ ਸ਼ਰਾਰਤੀ ਲੱੜਕੇ ਨੇ ਛੇ-ਸੱਤ ਵਾਰ ਸਾਧ ਨੂੰ ਪੁਛਿਆ ।

ਸਾਧ ਨੂੰ ਬਹੁਤ ਗੁਸਾ ਆ ਗਿਆ ।
ਸਾਧ ਨੇ ਧੂਣੀ ਵਿੱਚੋ ਜੱਲਦੀ-ਹੋਈ ਲੱਕੜੀ ਕੱਡੀ,
ਤੇ ਲੱੜਕੇ ਨੂੰ ਮਾਰਨ ਲਈ ਉਸ ਪਿਛੇ ਭੱਜ ਪਿਆ ।

ਲੱੜਕਾ ਕਹਿੰਦਾ,"ਲੋਕੋ ਦੇਖ ਲਓ ਇਹ "ਸ਼ੀਤਲ ਦਾਸ"ਨਹੀ ਬੱਲਕੇ "ਭਮੂਕਾ ਦਾਸ" ਹੈ।

ਸਾਧ ਦੀ ਅਸਲੀਅਤ ਲੋਕਾ ਦੇ ਸਾਹਮਣੇ ਆ ਗਈ ।

ਸਿਟਾ : ਪੁਤਰਾ! ਸਾਧਗੀ ਇੰਨੀ ਸੌਖੀ ਨਹੀ ।

ਲੋਰੀ ਸਾਉਣ ਲੱਗੇ:ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌਂ ਜਾਈਦਾ - ਦੂਜਿਆ ਦੀ ਨੀਦ ਖਰਾਬ ਨਹੀ ਕਰੀਦੀ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: July 21, 2007**